

www.punjabilibrary.com
ਇੱਕ ਕੁੜੀ ਹਾਂ ਜੀ ਅੰਬਰਾਂ ਤੋਂ ਪਾਰ ਦੀ
ਗੁਰਪ੍ਰੀਤ ਗੁਰੀ

# ਇੱਕ ਕੁੜੀ ਹੈ ਸੀ ਅੰਬਰਾਂ ਤੋਂ ਪਾਰ ਦੀ

## ( ਕਾਵਿ ਸੰਗ੍ਰਹਿ )

ਗੁਰਪ੍ਰੀਤ ਗੁਰੀ



# ਇੱਕ ਕੁੜੀ ਹੈ ਜੀ ਅੰਬਰਾਂ ਤੋਂ ਪਾਰ ਦੀ

## ( ਕਾਵਿ ਸੰਗ੍ਰਹਿ )

ਗੁਰਪ੍ਰੀਤ ਗੁਰੀ

Instagram: gurigurpreet498

Snapchat : gurpreeetguri498

Mobile No. +91 9779670711

E-mail : guri04884@gmail.com

Published on : 02 September 2024

©Gurpreet Guri

---

www.punjabilibrary.com

---

ਬੁੱਲ੍ਹੀਆਂ 'ਚੋਂ ਮੇਰਾ ਨਾਮ ਲੈਣਾ, ਫਿਰ ਆ ਕੇ ਮੇਰੇ ਕੋਲ ਬਹਿਣਾ
ਮੇਰੀ ਜ਼ਿੰਦਗੀ ਤੋਂ ਵੀ ਸੋਹਣਾ ਤੂੰਏਂ ਤੇ ਰੋਣਾ ਇਹਸਾਸ ਕਹਿਣਾ

# ਇੱਕ ਕੁੜੀ ਹੈ ਜੀ ਅੰਬਰਾਂ ਤੋਂ ਪਾਰ ਦੀ

ਇੱਕ ਕੁੜੀ ਹੈ ਜੀ ਅੰਬਰਾਂ ਤੋਂ ਪਾਰ ਦੀ
ਰਾਣੀ ਹੁਸਨ ਦੀ ਮੂਰਤ ਪਿਆਰ ਦੀ
ਉਹਦੇ ਮੁੱਖੜੇ ਤੇ ਚੜ੍ਹਦੇ ਦਾ ਨੂਰ ਏ
ਲੱਗੇ ਹੀਰ ਜਦੋਂ ਵਾਲ ਉਹ ਸੰਵਾਰਦੀ

ਤਾਰੇ ਸੁਣਦੇ ਨੇ ਉਹਦੀ ਹਰ ਬਾਤ ਨੂੰ
ਉਹ ਕਰੇ ਰੌਸ਼ਨ ਗੱਲਾਂ ਨਾ' ਕਾਲ਼ੀ ਰਾਤ ਨੂੰ
ਉਹਦਾ ਸਿੱਧਾ ਹੀ ਖ਼ੁਦਾ ਦੇ ਨਾ' ਕੋਈ ਰਿਸ਼ਤਾ
ਨਾ ਹੀ ਮੰਨਦੀ ਧਰਮ ਨਾ ਹੀ ਜਾਤ ਨੂੰ

ਉਹਦੀ ਲਿਖਤਾਂ ਦੇ ਵਿੱਚ ਹੈ ਪਾਕੀਜ਼ਗੀ
ਕਿਸੇ ਪਰੀ ਦੀ ਉਹ ਕੁੱਖ ਵਿੱਚੋਂ ਜਾਈ ਏ
ਮੈਨੂੰ ਜਾਪਦੀ ਉਹ ਤਾਰਿਆਂ ਦੇ ਦੇਸ ਦੀ
ਲੱਗੇ ਗ਼ਲਤੀ ਨਾਲ ਧਰਤੀ ਤੇ ਆਈ ਏ

ਆ ਕੇ ਬੈਠਣ ਪਰਿੰਦੇ ਉਹਦੀ ਛੱਤ ਤੇ
ਕੋਠੇ ਚੜ੍ਹ ਕੇ ਆਵਾਜ਼ ਜਦੋਂ ਮਾਰਦੀ
ਇੱਕ ਕੁੜੀ ਹੈ ਜੀ ਅੰਬਰਾਂ ਤੋਂ ਪਾਰ ਦੀ
ਰਾਣੀ ਹੁਸਨ ਦੀ ਮੂਰਤ ਪਿਆਰ ਦੀ

# ਮੇਰੇ ਨਾਲ

ਉਹ ਜੋ ਮੇਰੇ ਨਾਲ ਰਹਿੰਦੀ ਐ
ਸਾਰੀ ਸਾਂਭ ਕਮਾਨ ਲੈਂਦੀ ਐ

ਮੇਰੀ ਜਾਨ 'ਚ ਜਾਨ ਪਾ ਦਿੰਦੀ
ਜਦ ਵੀ ਮੈਨੂੰ ਜਾਨ ਕਹਿੰਦੀ ਐ

ਕਿਸੇ ਹੋਰ ਤੇ ਛੱਡਦੀ ਨਹੀਂ ਕੁਝ
ਖ਼ੁਦ ਕਰ ਚੰਗੇ ਹਾਲ ਲੈਂਦੀ ਐ

ਵਕਤ ਮੁਤਾਬਿਕ ਆਪਣੇ ਆਪ ਨੂੰ
ਹਾਲਾਤਾਂ ਵਿੱਚ ਢਾਲ ਲੈਂਦੀ ਐ

ਜਦ ਠੰਡ ਦੇ ਵਿੱਚ ਆਵਾਂ ਬਾਹਰੋਂ
ਵਿਹੜੇ ਚੁੱਲ੍ਹਾ ਬਾਲ਼ ਲੈਂਦੀ ਐ

ਉਹਦੇ ਹੁੰਦਿਆਂ ਫ਼ਿਕਰ ਨੀ ਕੋਈ
ਉਹ ਸਭ ਕੁਝ ਸੰਭਾਲ ਲੈਂਦੀ ਐ

# ਫ਼ਰਕ

ਨਾ ਬੰਦਾ ਨਾ ਯੰਤਰ ਕੋਈ
ਨਾ ਟੂਣਾ ਨਾ ਤੰਤਰ ਕੋਈ

ਤੈਨੂੰ ਮੇਰੇ ਤੋਂ ਵੱਖ ਸੱਜਣਾ
ਕਰ ਨਹੀਂ ਸਕਦਾ ਮੰਤਰ ਕੋਈ

ਅੱਡ ਨਹੀਂ ਹੋਣਾ, ਭਾਵੇਂ ਮਹਿਰਮ
ਕੋਸ਼ਿਸ਼ ਕਰੇ ਨਿਰੰਤਰ ਕੋਈ

ਮੈਨੂੰ ਆਪਣੇ ਦੋਵਾਂ ਦੇ ਵਿੱਚ
ਹੁਣ ਨਹੀਂ ਲੱਗਦਾ ਅੰਤਰ ਕੋਈ

# ਸਿਰ ਦਾ ਤਾਜ

ਥੋੜਾ ਜਿਹਾ ਤੇ ਚਾਹ ਲੈ ਸਾਨੂੰ
ਪਲ ਦੋ ਪਲ ਅਪਣਾ ਲੈ ਸਾਨੂੰ

ਹਰ ਪਲ ਕਾਹਤੋਂ ਖਿਝੀ ਰਹਿੰਦੀ ਏ
ਕਦੇ ਤੇ ਹੱਸ ਬੁਲਾ ਲੈ ਸਾਨੂੰ

ਸਿਰ ਦਾ ਤਾਜ ਬਣਾਉਣਾ ਨਹੀਂ ਜੇ
ਸਾਨੂੰ ਗਲੇ ਲਗਾਉਣਾ ਨਹੀਂ ਜੇ

ਚੰਮ ਸਾਡੇ ਦੀਆਂ ਜੁੱਤੀਆਂ ਕਰਕੇ
ਪੈਰਾਂ ਦੇ ਵਿੱਚ ਪਾ ਲੈ ਸਾਨੂੰ

# ਮੇਰੇ ਲਈ

ਮੇਰੇ ਲਈ ਉਹ ਧੁੱਪਾਂ ਚ ਖੜ੍ਹਦੀ ਰਹੀ ਹੈ
ਮੇਰੇ ਲਈ ਉਹ ਲੋਕਾਂ ਨਾ ਲੜਦੀ ਰਹੀ ਹੈ

ਜਦੋਂ ਸੀ ਇਕੱਲਾ ਮੈਂ ਕੁਝ ਨਹੀਂ ਸੀ ਪੱਲੇ
ਉਦੋਂ ਵੀ ਉਹ ਹੱਥ  ਮੇਰਾ ਫੜ੍ਹਦੀ ਰਹੀ ਹੈ

ਉਹ ਮੇਰੇ ਲਈ ਖੁਆਬਾਂ ਨੂੰ ਬੁਣਦੀ ਰਹੀ ਹੈ
ਉਹ ਚੰਨ, ਮੈਨੂੰ ਤਾਰੇ ਨੂੰ ਚੁਣਦੀ ਰਹੀ ਹੈ

ਭਾਵੇਂ ਮੈਨੂੰ ਲਿਖਣਾ ਤੇ ਗਾਉਣਾ ਨਹੀਂ ਆਉਂਦਾ
ਉਹ ਫਿਰ ਵੀ ਮੇਰੇ ਗੀਤ ਸੁਣਦੀ ਰਹੀ ਹੈ

ਜਦੋਂ ਲੋਕੀਂ ਕਹਿੰਦੇ ਸੀ ਲਿਖਿਆ ਨਾ ਕਰ ਤੂੰ
ਉਦੋਂ ਵੀ ਮੇਰੇ ਹਰਫ਼ ਪੜ੍ਹਦੀ ਰਹੀ ਹੈ

ਜਦੋਂ ਸੀ ਇਕੱਲਾ ਮੈਂ ਕੁਝ ਨਹੀਂ ਸੀ ਪੱਲੇ
ਉਦੋਂ ਵੀ ਉਹ ਹੱਥ  ਮੇਰਾ ਫੜ੍ਹਦੀ ਰਹੀ ਹੈ

# ਗ਼ਜ਼ਲਾਂ

ਰੂਹ ਉਹਦੀ ਨੂੰ ਫੱਬਣ ਗ਼ਜ਼ਲਾਂ
ਲੱਗਿਆ ਹਾਂ ਮੈਂ ਲੱਭਣ ਗ਼ਜ਼ਲਾਂ
ਤੁਰਦੀ ਫਿਰਦੀ ਰਹੇ ਜੋ ਗਾਉਂਦੀ
ਉਹਦੇ ਵਰਗੀਆਂ ਲੱਗਣ ਗ਼ਜ਼ਲਾਂ

ਮੋਹ ਨਾਲ ਭਿੱਜੀਆਂ, ਇਸ਼ਕ ਚ ਡੁੱਬੀਆਂ
ਜੋ ਪ੍ਰਤੀਕ ਪ੍ਰੀਤ ਦੀਆਂ ਨੇ
ਲਿਖੀਆਂ ਜੋ ਸਾਹਿਰ ਤੇ ਸ਼ਿਵ ਨੇ
ਤੇ ਗਾਈਆਂ ਜਗਜੀਤ ਦੀਆਂ ਨੇ

ਸੁਣ ਕੇ ਲੱਗਦਾ ਉਹਦੇ ਲਈ ਹੀ
ਬਣੀਆਂ ਨੇ ਇਹ ਸੱਜਣ ਗ਼ਜ਼ਲਾਂ
ਰੂਹ ਉਹਦੀ ਨੂੰ ਫੱਬਣ ਗ਼ਜ਼ਲਾਂ
ਲੱਗਿਆ ਹਾਂ ਮੈਂ ਲੱਭਣ ਗ਼ਜ਼ਲਾਂ

ਮੰਨਿਆ ਕਿ ਖ਼ਾਮੋਸ਼ ਪਈਆਂ ਨੇ
ਹਾਲੇ ਸੰਘਣੀ ਚੁੱਪ ਦੇ ਵਾਂਗਰ
ਹੌਲ਼ੀ ਹੌਲ਼ੀ ਉਪਜ ਜਾਣੀਆਂ
ਉਪਜ ਜਾਣੀਆਂ ਰੁੱਖ ਦੇ ਵਾਂਗਰ

ਸਿਫ਼ਤ ਉਹਦੀ ਵਿੱਚ ਕਲਮ ਪ੍ਰੀਤ ਦੀ
ਵੀ ਲੱਗੀ ਹੈ ਕੱਢਣ ਗ਼ਜ਼ਲਾਂ

ਰੂਹ ਉਹਦੀ ਨੂੰ ਫੱਬਣ ਗ਼ਜ਼ਲਾਂ
ਲੱਗਿਆ ਹਾਂ ਮੈਂ ਲੱਭਣ ਗ਼ਜ਼ਲਾਂ
ਤੁਰਦੀ ਫਿਰਦੀ ਰਹੇ ਜੋ ਗਾਉਂਦੀ
ਉਹਦੇ ਵਰਗੀਆਂ ਲੱਗਣ ਗ਼ਜ਼ਲਾਂ

# ਐਸੀ ਨਜ਼ਮ

ਤਸ਼ਵੀਰ ਨਾਲ ਸਜਾਵਾਂਗਾ ਮੈਂ
ਲੱਭ ਲੱਭ ਅੱਖਰ ਪਾਵਾਂਗਾ ਮੈਂ

ਜਿਸ ਨੂੰ ਸੁਣ ਕੇ ਗਲ਼ ਨਾਲ ਲੱਗ ਜੇ
ਐਸੀ ਨਜ਼ਮ ਬਣਾਵਾਂਗਾ ਮੈਂ

ਖੋਜ ਕਰ ਰਿਹਾ ਹਾਂ ਲਫ਼ਜ਼ਾਂ ਦੀ
ਅਲੰਕਾਰ ਵੀ ਵਰਤਾਂਗਾ ਮੈਂ

ਤੇਰੇ ਲਈ ਮਿਸਾਲਾਂ ਲੱਭ ਕੇ
ਛੇਤੀ ਵਾਪਿਸ ਪਰਤਾਂਗਾ ਮੈਂ

ਧਰਤੀ ਦੀਆਂ ਸ਼ੈਆਂ ਨੂੰ ਛੱਡ ਤੂੰ
ਆਸਮਾਨ ਤੱਕ ਜਾਵਾਂਗਾ ਮੈਂ

ਜਿਸ ਨੂੰ ਸੁਣ ਕੇ ਗਲ਼ ਨਾਲ ਲੱਗ ਜੇ
ਐਸੀ ਨਜ਼ਮ ਬਣਾਵਾਂਗਾ ਮੈਂ

# ਸੱਜਣਾ

ਆਪਣਾ ਹੱਥ ਫੜ੍ਹਾ ਦੇ ਸੱਜਣਾ
ਮੇਰੀ ਹੋਸ਼ ਭੁਲਾ ਦੇ ਸੱਜਣਾ

ਸੁਣਿਆ ਬਹੁਤ ਕਰੀਬ ਹੈ ਤੇਰੇ
ਰੱਬ ਦੇ ਦਰਸ ਕਰਾ ਦੇ ਸੱਜਣਾ

ਜੇ ਹੋ ਗਈ ਹੈ ਗਲਤੀ ਸਾਥੋਂ
ਭਾਵੇਂ ਸਖ਼ਤ ਸਜਾ ਦੇ ਸੱਜਣਾ

ਤੂੰ ਚਾਹਵੇਂ ਤੇ ਸਭ ਹੋ ਸਕਦਾ
ਪੱਥਰ ਬੋਲਣ ਲਾ ਦੇ ਸੱਜਣਾ

ਤੇਰੇ ਮੁੱਖ ਦਾ ਨੂਰ ਬਹੁਤ ਹੈ
ਸੂਰਜ ਅੱਜ ਬੁਝਾ ਦੇ ਸੱਜਣਾ

ਬਹੁਤੀ ਜੀ ਜੀ ਕਰਿਆ ਨਾ ਕਰ
ਮੈਨੂੰ ਛੋਟਾ ਨਾਂ ਦੇ ਸੱਜਣਾ

ਤੈਨੂੰ ਸ਼ੇਅਰ ਸੁਣਾਉਣ ਲੱਗਾ ਹਾਂ
ਵਾਹ ਵਾਹ ਤੂੰ ਫ਼ਰਮਾ ਦੇ ਸੱਜਣਾ

ਆਹ ਚੱਕ ਮੇਰੀ ਰੂਹ ਨੂੰ ਆਪਣੀ
ਰੂਹ ਦੇ ਨਾਲ ਮਿਲਾ ਦੇ ਸੱਜਣਾ

# ਪ੍ਰਭਾਵ

ਤੇਰੇ ਲਈ ਜੋ ਸਾਂਭੀ ਰੱਖਿਆ
ਸਾਰਾ ਕੁਝ ਹੀ ਖ਼ਾਸ ਪਿਆ ਹੈ

ਤੇਰੇ ਹੋਣ ਤੇ ਜ਼ਿੰਦਾ ਹਾਂ ਮੈਂ
ਬਿਨ ਤੇਰੇ ਤਾਂ ਲਾਸ਼ ਪਿਆ ਹੈ

ਸੂਰਤ ਸੀਰਤ ਸਰਵਸ਼੍ਰੇਸ਼ਠ
ਹੋਰ ਕੀ ਦੱਸ ਖ਼ਿਤਾਬ ਪਿਆ ਹੈ

ਤੇਰੇ ਲਈ ਢੁਕਵੇਂ ਸ਼ਬਦਾਂ ਦੀ
ਕਰਦਾ ਪ੍ਰੀਤ ਤਲਾਸ਼ ਪਿਆ ਹੈ

ਤੇਰੇ ਜਿਹੀ ਦਾ ਜ਼ਿਕਰ ਹੀ ਨਹੀਂ ਹੈ
ਪੜ੍ਹਿਆ ਮੈਂ ਇਤਿਹਾਸ ਪਿਆ ਹੈ

ਜੇ ਨਾਂਹ ਕੀਤੀ ਡੁੱਬ ਕੇ ਮਰ ਜਾਊਂ
ਸਤਲੁਜ ਰਾਵੀ ਬਿਆਸ ਪਿਆ ਹੈ

ਤੇਰੀਆਂ ਗੱਲਾਂ ਵਿੱਚ ਸਮਝਣ ਲਈ
ਡੂੰਘਾ ਅਰਥ ਤੇ ਭਾਵ ਪਿਆ ਹੈ

ਉਹ ਕਹਿੰਦੀ.....!

ਇੰਨਾ ਸੋਹਣਾ ਕਿੰਝ ਲਿਖ ਲੈਂਦੇ ?

ਤੇ ਮੈਂ ਕਿਹਾ.....!

ਤੇਰਾ ਹੀ ਪ੍ਰਭਾਵ ਪਿਆ ਹੈ

# ਇਸ਼ਕ ਚੱਖਣਾ ਤੇ ਬਣਦਾ ਹੈ

ਤੈਨੂੰ ਤੱਕ ਕੇ ਮੈਨੂੰ ਲੱਗਿਆ
ਇਸ਼ਕ ਚੱਖਣਾ ਤਾਂ ਬਣਦਾ ਹੈ
ਕਿੰਨੀ ਤੂੰ ਖ਼ੂਬਸੂਰਤ ਹੈ
ਤੈਨੂੰ ਦੱਸਣਾ ਤਾਂ ਬਣਦਾ ਹੈ

ਤੇਰੇ ਨੈਣਾਂ ਦੀ ਲੋਅ ਅੱਗੇ
ਨੀ ਚੰਨ ਵੀ ਜੁਗਨੂੰ ਲੱਗਦਾ ਹੈ
ਠੋਡੀ ਤੇਰੀ ਦਾ ਤਿਲ ਸੱਜਣਾ
ਸੌਂਹ ਰੱਬ ਦੀ ਬਹੁਤ ਫੱਬਦਾ ਹੈ

ਹਾਏ ! ਫ਼ੁਰਸਤ ਨਾ' ਕੁਝ ਪਲ ਨੀ
ਤੈਨੂੰ ਤੱਕਣਾ ਤੇ ਬਣਦਾ ਹੈ
ਕਿੰਨੀ ਤੂੰ ਖ਼ੂਬਸੂਰਤ ਹੈ
ਤੈਨੂੰ ਦੱਸਣਾ ਤਾਂ ਬਣਦਾ ਹੈ

ਤੇਰੇ ਹੱਥਾਂ ਦੀ ਛੂਹ ਨਾਲ ਨੀ
ਪੱਥਰ ਵੀ ਫੁੱਲ ਹੋ ਜਾਂਦੇ ਨੇ
ਤੇਰੇ ਨਾਲ ਜੁੜੀਆਂ ਸ਼ੈਆਂ ਦੇ
ਨੀ ਮਹਿੰਗੇ ਮੁੱਲ ਹੋ ਜਾਂਦੇ ਨੇ

ਤੂੰ ਪਾਰਸ ਹੈ ਤੈਨੂੰ ਸੱਜਣਾ

ਕੋਲ ਰੱਖਣਾ ਤਾਂ ਬਣਦਾ ਹੈ

ਕਿੰਨੀ ਤੂੰ ਖ਼ੂਬਸੂਰਤ ਹੈ

ਤੈਨੂੰ ਦੱਸਣਾ ਤਾਂ ਬਣਦਾ ਹੈ

# ਮੁਸ਼ਾਇਰਾ

ਝੱਲਾ ਜਿਹਾ ਹੋਇਆ ਹਾਂ
ਮੈਂ ਜਿਸ ਦੇ ਪਿਆਰ ਵਿੱਚ
ਸੋਹਣੀ ਬੜੀ ਲੱਗਦੀ ਉਹ
ਸੂਟ ਸਲਵਾਰ ਵਿੱਚ

ਤਿੱਖੀਆਂ ਨਿਗਾਹਾਂ ਓਸਦੀਆਂ
ਸੀਨਾ ਚੀਰ ਦੇਣ
ਉਹਦੇ ਜਿੰਨੀ ਤਿੱਖੀ ਧਾਰ
ਕਿੱਥੋਂ ਤਲਵਾਰ ਵਿੱਚ

ਚਿੱਤ ਕਰੇ ਉਹਦੇ ਲਈ
ਕਿਤਾਬ ਇੱਕ ਲਿਖ ਦੇਵਾਂ
ਕਦਮਾਂ ਚ ਬਹਿ ਕੇ ਕਰਾਂ
ਪੇਸ਼ ਉਪਹਾਰ ਵਿੱਚ

ਸ਼ਹਿਰ ਲੁਧਿਆਣੇ ਹੋਇਆ
ਭਵਨ ਪੰਜਾਬੀ 'ਚ ਜੋ
ਨਾਲ ਜੁੜੀ ਬੈਠੀ ਸੀ ਉਹ
ਕਵੀ ਦਰਬਾਰ ਵਿੱਚ

# ਸਾਰੀ ਰਾਤ

ਰੱਖਿਆ ਸਬਰ ਤੇ  ਰੀਝ ਬੜੀ ਮੈਂ ਲਾਈ ਹੈ
ਸਾਰੀ ਰਾਤ ਮੈਂ ਤਾਰਿਆਂ ਨਾਲ ਬਿਤਾਈ ਹੈ

ਤੇਰੇ ਬਾਰੇ ਕਰੀ ਗੁਫ਼ਤਗੂ ਕੁਦਰਤ ਨਾਲ
ਕਲਮ ਮੇਰੀ ਤਾਂ ਜਾ ਕੇ ਕੁਝ ਲਿਖ ਪਾਈ ਹੈ

ਅੰਬਰ ਦੇ ਵਿੱਚ ਰੌਸ਼ਨ ਜਿੰਨੇ ਤਾਰੇ ਨੀ
ਇੱਕ ਅੱਧਾ ਨਹੀਂ ਆਸ਼ਕ ਤੇਰੇ ਸਾਰੇ ਨੀ

ਤੈਨੂੰ ਤੱਕ ਕੇ ਹਰ ਕੋਈ ਰਾਂਝਾ ਹੋ ਜਾਂਦਾ
ਲੱਗਦਾ ਖ਼ਾਲੀ ਹੋਣਗੇ ਤਖ਼ਤ ਹਜ਼ਾਰੇ ਨੀ

ਰੀਸ ਕਿੱਥੋਂ ਕਰ ਲੈਣਗੇ ਤੇਰੀ ਚੰਨ ਤਾਰੇ
ਉਹਨਾਂ ਤੋਂ ਸੋਹਣੀ ਤੇਰੀ ਪਰਛਾਈ ਹੈ

ਤੇਰੇ ਬਾਰੇ ਕਰੀ ਗੁਫ਼ਤਗੂ ਕੁਦਰਤ ਨਾਲ
ਕਲਮ ਮੇਰੀ ਤਾਂ ਜਾ ਕੇ ਕੁਝ ਲਿਖ ਪਾਈ ਹੈ

# ਮੁਹੱਬਤ

ਨਿੱਤ ਨਵੇਂ ਹੀ ਕਰਿਸ਼ਮੇ ਦਿਖਾਂਵਦੀ
ਸਾਰੀ ਦੁਨੀਆ ਨੂੰ ਇਸ਼ਕ ਸਿਖਾਂਵਦੀ

ਪਾਣੀ ਕਰ ਬਹਿੰਦਾ ਤੇਰੇ ਨਾ' ਮੁਹੱਬਤ
ਜਦੋਂ ਨਹਿਰ ਦੇ ਕਿਨਾਰਿਆਂ ਤੇ ਜਾਂਵਦੀ

ਰੇਤਾ ਚੁੰਮਦਾ ਜਦੋਂ ਵੀ ਤੇਰੇ ਪੈਰ ਨੀ
ਫੁੱਲ ਹੋ ਜਾਵੇ ਤੇ ਖਿੜ ਖਿੜ ਜਾਂਵਦਾ

ਤੇਰੇ ਲਈ ਹੀ ਬਣਾਉਂਦਾ ਫਿਰੇ ਸ਼ਾਇਰੀਆਂ
ਪ੍ਰੀਤ ਹੋ ਗਿਆ ਮੁਰੀਦ ਤੇਰੇ ਨਾਮ ਦਾ

ਹੋਏ ਜਦੋਂ ਦੇ ਦੀਦਾਰ ਤੇਰੇ ਸੋਹਣੀਏ
ਬੈਠਾ ਸੁਰਤ ਭੁਲਾਈ ਕੱਲ੍ਹ ਸ਼ਾਮ ਦੀ

ਪਾਣੀ ਕਰ ਬਹਿੰਦਾ ਤੇਰੇ ਨਾ' ਮੁਹੱਬਤ
ਜਦੋਂ ਨਹਿਰ ਦੇ ਕਿਨਾਰਿਆਂ ਤੇ ਜਾਂਵਦੀ

# ਨਹੀਂ ਹੈ

ਤੇਰੇ ਵਰਗਾ ਹੋਰ ਨਹੀਂ ਹੈ
ਸੱਚੀਂ ਤੇਰਾ ਤੋੜ ਨਹੀਂ ਹੈ
ਤੇਰੇ ਨਾਲੋਂ ਵੱਧ ਜ਼ਿੰਦਗੀ ਦਾ
ਹੋਰ ਹਸੀਨ ਕੋਈ ਮੋੜ ਨਹੀਂ ਹੈ

ਸਾਧ ਹੈ ਮੇਰੇ ਦਿਲ ਦੇ ਅੰਦਰ
ਨਾਂਹ ਸੱਜਣਾ ! ਕੋਈ ਚੋਰ ਨਹੀਂ ਹੈ
ਤੈਨੂੰ ਤੱਕ ਕੇ ਸ਼ਾਂਤ ਹੋ ਗਿਆ
ਰੂਹ ਮੇਰੀ ਵਿੱਚ ਸ਼ੋਰ ਨਹੀਂ ਹੈ

ਇਹ ਗੱਲ ਲਿਖ ਕੇ ਦੇ ਸਕਦਾ ਹਾਂ
ਲੱਖ ਵਾਰੀ ਮੈਂ ਕਹਿ ਸਕਦਾ ਹਾਂ
ਸੌ ਪਰੀਆਂ ਦੇ ਮੇਲ ਨਾਲ ਵੀ
ਬਣਨਾ ਤੇਰਾ ਜੋੜ ਨਹੀਂ ਹੈ

ਗੋਲੀਆਂ ਟੀਕੇ ਮੇਰੇ ਕਿਸ ਕੰਮ !
ਨਾ ਚਿੱਟਾ ਨਾ ਕਾਲ਼ਾ ਕੰਮ ਦਾ !
ਇਸ਼ਕ ਤੇਰੇ ਦਾ ਨਸ਼ਾ ਹੀ ਕਾਫ਼ੀ
ਮੈਖ਼ਾਨੇ ਦੀ ਲੋੜ ਨਹੀਂ ਹੈ

# ਫ਼ੁਰਸਤ

ਮੈਨੂੰ ਤੇ ਇੰਝ ਲੱਗਦਾ ਮਹਿਰਮ
ਕੁਦਰਤ ਨੇ ਤੇਰਾ ਹੱਥ ਫੜਿਆ ਹੈ
ਸੂਹੇ ਲਾਲ ਗੁਲਾਬਾਂ ਦੇ ਵਿੱਚ
ਬੁੱਲ ਤੇਰੇ ਦਾ ਰੰਗ ਭਰਿਆ ਹੈ

ਨੈਣ ਸਮੁੰਦਰ ਤੇਰਿਆਂ ਦੇ ਵਿੱਚ
ਪਤਾ ਨਹੀਂ ਕਿੰਨਾ ਕੁਝ ਹੜ੍ਹਿਆ ਹੈ
ਤੇਰੇ ਨੇਤਰਾਂ ਦੇ ਵਰਗਾ ਨੀ
ਮੈਂ ਨਾ ਅੱਜ ਤੱਕ ਕੁਝ ਪੜ੍ਹਿਆ ਹੈ

ਕੁੱਲ ਆਲਮ ਵਿੱਚ ਤੇਰੇ ਚਰਚੇ
ਸੋਹਣੀ ਦੁਨੀਆ ਤੇਰੇ ਕਰਕੇ
ਆਸਮਾਨ ਵਿੱਚ ਵੀ ਤਾਂ ਤੇਰੀਆਂ
ਗੱਲਾਂ ਦਾ ਹੀ ਰੰਗ ਚੜ੍ਹਿਆ ਹੈ

ਸ਼ਿੱਦਤ ਦੇ ਨਾਲ ਨੈਣ ਬਣਾਏ
ਚਿਹਰੇ ਤੇ ਵੀ ਰੀਝਾਂ ਲਾਈਆਂ
ਦੇਖ ਕੇ ਤੈਨੂੰ ਇੰਝ ਲੱਗਦਾ
ਜਿਉਂ ਰੱਬ ਨੇ ਫ਼ੁਰਸਤ ਨਾ' ਘੜਿਆ ਹੈ

# ਤੁਕਬੰਦੀਆਂ

ਸੁਣਦੀ ਹਾਫ਼ੀ ਵਰਗੇ ਸ਼ਾਇਰ
ਪੜ੍ਹੇ ਕਿਤਾਬਾਂ ਚੰਗੀਆਂ
ਉਹ ਲਿਖਦੀ ਖੁੱਲ੍ਹੀਆਂ ਕਵਿਤਾਵਾਂ
ਮੈਂ ਕਰਦਾ ਤੁਕਬੰਦੀਆਂ

ਉਹ ਸੂਰਜ ਜਿਹੀ
ਉਹਦੇ ਮੂਹਰੇ ਮੈਂ ਹਾਂ ਦੀਵੇ ਵਰਗਾ
ਦੋਵੇਂ ਉਹਦੇ ਕਾਇਲ ਨੇ
ਲਹਿੰਦਾ ਪੰਜਾਬ ਤੇ ਚੜ੍ਹਦਾ

ਉਹ ਕੁਦਰਤ ਦੇ ਵਾਂਗ ਜਿਉਂਦੀ
ਮੰਨਦੀ ਨਹੀਂ ਪਾਬੰਦੀਆਂ
ਉਹ ਲਿਖਦੀ ਖੁੱਲ੍ਹੀਆਂ ਕਵਿਤਾਵਾਂ
ਮੈਂ ਕਰਦਾ ਤੁਕਬੰਦੀਆਂ

ਪਤਾ ਨਹੀਂ ਨਜ਼ਮਾਂ ਲਿਖਣੇ ਲਈ
ਕਿੱਥੋਂ ਸ਼ਬਦ ਲਿਆਵੇ
ਉਹ ਲਿਖਦੀ ਹੈ ਗੀਤ ਇਸ਼ਕ ਦੇ
ਪ੍ਰੀਤ ਜਿਹਨਾਂ ਨੂੰ ਗਾਵੇ

ਸੁਰ ਵਿੱਚ ਗਾਉਂਦੀਆਂ ਚਿੜੀਆਂ
ਲੱਗਦੀਆਂ ਉਹਦੇ ਰੰਗ ਵਿਚ ਰੰਗੀਆਂ
ਉਹ ਲਿਖਦੀ ਖੁੱਲ੍ਹੀਆਂ ਕਵਿਤਾਵਾਂ
ਮੈਂ ਕਰਦਾ ਤੁਕਬੰਦੀਆਂ

# ਕੁਦਰਤ ਦੀ ਧੀ

ਹੱਥ ਡੋਬ ਬੈਠ ਜਾਵੇਂ, ਜਿੱਥੇ ਪਾਣੀ ਵੱਗਦਾ
ਤੂੰ ਧੀ ਹੈ ਕੁਦਰਤ ਦੀ, ਮੈਨੂੰ ਸੱਚੀਂ ਇੰਝ ਲੱਗਦਾ

ਤੇਰੀ ਸੋਚ ਸੋਹਣੀਏ ਨੀ, ਤੈਨੂੰ ਵੱਖ ਕਰਦੀ ਸਭ ਤੋਂ
ਤੈਨੂੰ ਪਾਉਣ ਲਈ ਅਰਜ਼ੀ ਲੱਖ ਪਹੁੰਚੀ ਹੈ ਰੱਬ ਤੋਂ

ਲੱਗੇ ਜਿਉਂ ਸਦੀਆਂ ਤੋਂ, ਸੀ ਪ੍ਰੀਤ ਤੈਨੂੰ  ਲੱਭਦਾ
ਤੂੰ ਧੀ ਹੈ ਕੁਦਰਤ ਦੀ, ਮੈਨੂੰ ਸੱਚੀਂ ਇੰਝ ਲੱਗਦਾ

ਤੈਨੂੰ ਇਸ਼ਕ ਕਰਨ ਨਦੀਆਂ, ਨਾਲੇ ਮੁਰੀਦ ਝਰਨੇ
ਤੇਰੀ ਖ਼ੂਬਸੂਰਤੀ ਲਈ ਸ਼ਾਇਰਾਂ ਨੇ ਸ਼ੇਅਰ ਪੜ੍ਹਨੇ

ਚਾਹੇ ਜੋ ਪਹਿਨ ਲਵੇਂ ਤੈਨੂੰ ਹਰ ਇੱਕ ਰੰਗ ਫੱਬਦਾ
ਤੂੰ ਧੀ ਹੈ ਕੁਦਰਤ ਦੀ, ਮੈਨੂੰ ਸੱਚੀਂ ਇੰਝ ਲੱਗਦਾ

# ਨਜ਼ਰਾਂ

ਜਦ ਦੀਆਂ ਤੇਰੇ ਨਾਲ ਨੇ ਮਿਲੀਆਂ ਨਜ਼ਰਾਂ ਨੀ
ਹੋਰ ਸੋਹਣੀਆਂ ਲੱਗਣ ਲੱਗੀਆਂ ਗ਼ਜ਼ਲਾਂ ਨੀ

ਜਦ ਦੇ ਤੂੰ ਮੱਥੇ ਨੂੰ ਬੁੱਲ੍ਹ ਛੁਹਾਏ ਨੇ
ਲੱਗੀਆਂ ਨੇ ਲਹਿਰਾਉਣ ਦਿਲਾਂ ਦੀਆਂ ਫ਼ਸਲਾਂ ਨੀ

ਰੂਹ ਮੇਰੀ ਦੇ ਰੁੱਖ ਯਾਰਾ ਮਹਿਕਾਏ ਨੇ
ਤੇਰੇ ਲਈ ਆਕਾਸ਼ ਚ ਬੱਦਲ ਛਾਏ ਨੇ

ਹਰ ਇੱਕ ਕੋਨਾ ਛੱਡਦਾ ਫਿਰੇ ਸੁਗੰਧੀਆਂ ਨੀ
ਪੈਰ ਜਦੋਂ ਦੇ ਪਿੰਡ ਸਾਡੇ ਤੂੰ ਪਾਏ ਨੇ

ਜਦ ਦਾ ਬਾਹਾਂ ਦੇ ਵਿੱਚ ਭਰਿਆ ਪ੍ਰੀਤ ਨੂੰ ਤੂੰ
ਜੁੜ ਗਈਆਂ ਤੇਰੇ ਨਾਲ ਸਾਰੀਆਂ  ਸਧਰਾਂ ਨੀ

ਜਦ ਦੀਆਂ ਤੇਰੇ ਨਾਲ ਨੇ ਮਿਲੀਆਂ ਨਜ਼ਰਾਂ ਨੀ
ਹੋਰ ਸੋਹਣੀਆਂ ਲੱਗਣ ਲੱਗੀਆਂ ਗ਼ਜ਼ਲਾਂ ਨੀ

# ਕਰਿਆ ਨਾ ਕਰ

ਅੱਜ ਨਹੀਂ ਹੋਏ ਜੇ ਕੀ ਆ ਬਿੱਲੋ ਕੱਲ੍ਹ ਹੋਣਗੇ
ਮਸਲੇ ਮੁਹੱਬਤੀ ਜ਼ਰੂਰ ਹੱਲ ਹੋਣਗੇ

ਹੋ ਕੇ ਤੂੰ ਮਾਯੂਸ ਅੱਖਾਂ ਭਰਿਆ ਨਾ ਕਰ ਨੀ
ਗੱਲਾਂ ਇਹ ਉਦਾਸ ਜਿਹੀਆਂ ਕਰਿਆ ਨਾ ਕਰ ਨੀ

ਹੱਥ ਇੱਕ ਦੂਸਰੇ ਦਾ ਹੱਥਾਂ ਵਿੱਚ ਧਰੇਗਾ
ਜਿਸ ਨੇ ਮਿਲਾਇਆ ਹੈ ਇਕੱਠੇ ਵੀ ਉਹ ਕਰੇਗਾ

ਨਿਰਾਸ਼ਾ ਦੀ ਚੋਟੀ ਦੇ ਉੱਤੇ ਚੜ੍ਹਿਆ ਨਾ ਕਰ ਨੀ
ਗੱਲਾਂ ਇਹ ਉਦਾਸ ਜਿਹੀਆਂ ਕਰਿਆ ਨਾ ਕਰ ਨੀ

ਤੇਰੇ ਬਿਨਾਂ ਮੇਰੀ ਹਰ ਕਵਿਤਾ ਅਧੂਰੀ ਹੈ
ਇਸ਼ਕ 'ਚ ਸੋਹਣੀਏ ਸਬਰ ਵੀ ਜ਼ਰੂਰੀ ਹੈ

ਨਿੱਘ ਬੁੱਕਲ ਦਾ ਸੇਕ, ਠਰਿਆ ਨਾ ਕਰ ਨੀ
ਗੱਲਾਂ ਇਹ ਉਦਾਸ ਜਿਹੀਆਂ ਕਰਿਆ ਨਾ ਕਰ ਨੀ

# ਅੱਖਾਂ ਵਿੱਚ

ਝੱਲੀ ਜਿਹੀ ਉਹ ਮੈਨੂੰ ਕਮਲਾ ਦੱਸਦੀ ਹੈ
ਜਿਸਦੀਆਂ ਅੱਖਾਂ ਵਿੱਚ ਇੱਕ ਦੁਨੀਆ ਵੱਸਦੀ ਹੈ

ਫੁੱਲਾਂ ਵਰਗੀ ਸਾਂਭ ਸਾਂਭ ਫੁੱਲ ਰੱਖਦੀ ਹੈ
ਜਿਸਦੀਆਂ ਅੱਖਾਂ ਵਿੱਚ ਇੱਕ ਦੁਨੀਆ ਵੱਸਦੀ ਹੈ

ਅਕਸਰ ਰੁੱਖਾਂ ਵਿੱਚ ਉਹਦੀ ਗੱਲ ਛਿੜਦੀ ਹੈ
ਉਹਦੀ ਇੱਕ ਮੁਸਕਾਨ ਨਾ' ਕੁਦਰਤ ਖਿੜਦੀ ਹੈ

ਇਸ ਦੁਨੀਆ ਵਿੱਚ ਸਭ ਤੋਂ ਸੋਹਣਾ ਹੱਸਦੀ ਹੈ
ਜਿਸਦੀਆਂ ਅੱਖਾਂ ਵਿੱਚ ਇੱਕ ਦੁਨੀਆ ਵੱਸਦੀ ਹੈ

ਉਹਦੀਆਂ ਜ਼ੁਲਫ਼ਾਂ ਦੀ ਛਾਂ ਰੁੱਖ ਤੋਂ ਸੰਘਣੀ ਹੈ
ਜ਼ਿੰਦਗੀ ਹੁਣ ਇਹਨਾਂ ਥੱਲੇ ਹੀ ਲੰਘਣੀ ਹੈ

ਪਲਕਾਂ ਤੇ ਉਹ ਮੇਰੀ ਮੁਹੱਬਤ ਰੱਖਦੀ ਹੈ
ਜਿਸਦੀਆਂ ਅੱਖਾਂ ਵਿੱਚ ਇੱਕ ਦੁਨੀਆ ਵੱਸਦੀ ਹੈ

# ਨਹੀਂ ਦੇਖੀ

ਹਾਂ ਸੱਜਣਾ ਬੇਸ਼ੱਕ ਨੀ ਦੇਖੀ
ਮੈਂ ਆਪਣੇ ਪ੍ਰਤੱਖ ਨੀ ਦੇਖੀ

ਕੀਲਦੀ ਨਜ਼ਰਾਂ ਮਨ ਨੂੰ ਮੋਂਹਦੀ
ਕਰਦੀ ਆਪਣੇ ਵੱਸ ਨੀ ਦੇਖੀ

ਬੇਸ਼ਕੀਮਤੀ ਤੇ ਬਹੁਮੁੱਲੀ
ਰੂਹਾਂ ਕਰਦੀ ਵੱਖ ਨੀ ਦੇਖੀ

ਪੰਜ ਸੱਤ ਦੇਸ਼ ਤਾਂ ਮੈਂ ਵੀ ਘੁੰਮਿਆ
ਪਰ ਤੇਰੇ ਜਿਹੀ ਅੱਖ ਨੀ ਦੇਖੀ

# ਤੇਰੇ ਕਰਕੇ

ਕਰਨਾ ਮੈਨੂੰ ਪਿਆਰ ਆਇਆ ਹੈ
ਤੇਰੇ ਕਰਕੇ
ਲਿਖਤ 'ਚ ਰਸ ਸ਼ਿੰਗਾਰ ਆਇਆ ਹੈ
ਤੇਰੇ ਕਰਕੇ

ਅਜ਼ੀਜ਼ ਮੈਨੂੰ ਚੰਨ ਤਾਰੇ ਹੋ ਗਏ
ਫੁੱਲ ਵੀ ਬੜੇ ਪਿਆਰੇ ਹੋ ਗਏ
ਜਦ ਦਾ ਮੇਰਾ ਹੱਥ ਫੜਿਆ ਤੂੰ
ਪੀੜ੍ਹਾਂ ਤੋਂ ਛੁਟਕਾਰੇ ਹੋ ਗਏ

ਕੁਦਰਤ ਲਈ ਸਤਿਕਾਰ ਆਇਆ ਹੈ
ਤੇਰੇ ਕਰਕੇ
ਕਰਨਾ ਮੈਨੂੰ ਪਿਆਰ ਆਇਆ ਹੈ
ਤੇਰੇ ਕਰਕੇ

ਗੀਤ ਕਿੱਸੇ ਤੋਂ ਗ਼ਜ਼ਲਾਂ ਤੀਕਰ
ਤੁਕਬੰਦੀਆਂ ਤੋਂ ਨਜ਼ਮਾਂ ਤੀਕਰ

ਕਵਿਤਾ ਵਿੱਚ ਨਿਖ਼ਾਰ ਆਇਆ ਹੈ
ਤੇਰੇ ਕਰਕੇ
ਕਰਨਾ ਮੈਨੂੰ ਪਿਆਰ ਆਇਆ ਹੈ
ਤੇਰੇ ਕਰਕੇ

# ਕਵਿਤਾ

ਹਾਲੇ ਨਹੀਂ ਫਰੋਲੀ ਕਵਿਤਾ
ਰੂਹ ਵਿੱਚੋ ਨਹੀਂ ਟੋਲੀ ਕਵਿਤਾ

ਜੋ ਤੈਨੂੰ ਉਪਹਾਰ ਚ ਦੇਣੀ
ਨਾ ਮੈਂ ਲਿਖੀ ਨਾ ਬੋਲੀ ਕਵਿਤਾ

ਸੱਤ ਰੰਗਾਂ ਨਾ ਭਰ ਦੇਵਾਂਗਾ
ਯਾਦ ਕਰਾ ਦੂ ਹੋਲੀ ਕਵਿਤਾ

ਸਾਰੇ ਵਾਹ ਵਾਹ ਕਰਨਗੇ ਦੇਖੀਂ
ਮਹਿਫ਼ਿਲ ਵਿੱਚ ਜਦ ਖੋਲੀ ਕਵਿਤਾ

# ਮੇਰੀ ਖ਼ੁਸ਼ਬੂ

ਕੀ ਚੰਗਾ ਤੇ ਕੀ ਹੈ ਮਾੜਾ ਮੇਰੇ ਲਈ
ਮੇਰੀ ਅੰਮੀ ਵਾਂਗ ਮੈਨੂੰ ਸਮਝਾਉਂਦੀ ਹੈ
ਜਦ ਮਿਲਦੀ ਹੈ ਘੁੱਟ ਕੇ ਗਲ਼ੇ ਲਗਾਉਂਦੀ ਹੈ
ਹੁਣ ਉਹਦੇ ਚੋਂ ਮੇਰੀ ਖ਼ੁਸ਼ਬੂ ਆਉਂਦੀ ਹੈ

ਹੀਰੇ ਦਾ ਦਰਜਾ ਦੇ ਦਿੰਦੀ ਉਹ ਕੱਖਾਂ ਨੂੰ
ਮੇਰੇ ਕਰਕੇ ਠੁਕਰਾ ਚੁੱਕੀ ਹੈ ਉਹ ਲੱਖਾਂ ਨੂੰ
ਜਦ ਕਦੇ ਉਦਾਸ ਹੋ ਜਾਂਦਾ ਹਾਂ ਮੈਂ ਕਿਸੇ ਗੱਲੋਂ
ਉਹ ਨਾਜ਼ੁਕ ਹੱਥਾਂ ਨਾਲ ਪੂੰਝਦੀ ਅੱਖਾਂ ਨੂੰ

ਪਤਾ ਹੈ ਮੈਨੂੰ ਕਾਬਿਲ ਨਹੀਂ ਹਾਂ ਮੈਂ ਉਸਦੇ
ਫਿਰ ਵੀ ਮੈਨੂੰ ਹੱਦੋਂ ਵੱਧ ਕੇ ਚਾਹੁੰਦੀ ਹੈ
ਜਦ ਮਿਲਦੀ ਹੈ ਘੁੱਟ ਕੇ ਗਲ਼ੇ ਲਗਾਉਂਦੀ ਹੈ
ਹੁਣ ਉਹਦੇ ਚੋਂ ਮੇਰੀ ਖ਼ੁਸ਼ਬੂ ਆਉਂਦੀ ਹੈ

ਅੱਧਾ ਹਿੱਸਾ ਹੈ ਉਹ ਮੇਰੀ ਜ਼ਿੰਦਗੀ ਦਾ
ਪ੍ਰੀਤ ਉਹਦੇ ਬਿਨ ਪੂਰਾ ਨਹੀਂ ਅਧੂਰਾ ਹੈ
ਇੱਕ ਦੂਜੇ ਨੂੰ ਸਾਂਭ ਲੈਂਦੇ ਹਾਂ ਅਸੀਂ ਦੋਵੇਂ
ਤਾਂ ਹੀ ਤਾਂ ਉਹ ਹੱਕ ਜਤਾਉਂਦੀ ਪੂਰਾ ਹੈ

ਓਵਰਸਾਈਜ਼ ਜਿਹੇ ਬੜੇ ਹੀ ਉਹਨੂੰ ਜੱਚਦੇ ਨੇ
ਬੜੇ ਸ਼ੌਂਕ ਨਾਲ ਮੇਰੇ ਕੱਪੜੇ ਪਾਉਂਦੀ ਹੈ

ਜਦ ਮਿਲਦੀ ਹੈ ਘੁੱਟ ਕੇ ਗਲੇ ਲਗਾਉਂਦੀ ਹੈ
ਹੁਣ ਉਹਦੇ ਚੋਂ ਮੇਰੀ ਖ਼ੁਸ਼ਬੂ ਆਉਂਦੀ ਹੈ

ਖ਼ਾਸ ਜਿਹੇ ਹੁੰਦੇ ਨੇ ਸਾਰੇ ਹੀ ਪਲ ਉਹ
ਜੋ ਜੋ ਵੀ ਮੈਂ ਉਸਦੇ ਨਾਲ ਬਿਤਾਉਂਦਾ ਹਾਂ
ਉਂਞ ਤੇ ਨਾਮ ਹੈ ਉਸਦਾ ਚਾਰਾਂ ਅੱਖਰਾਂ ਦਾ
ਪਰ ਮੈਂ ਉਸਨੂੰ ਜੰਨਤ ਆਖ ਬੁਲਾਉਂਦਾ ਹਾਂ

ਖ਼ੂਬਸੂਰਤ ਕਵਿਤਾਵਾਂ ਸਿਰਜੇ ਕੁਦਰਤ ਤੇ
ਸਭ ਤੋਂ ਪਹਿਲਾਂ ਮੈਨੂੰ ਆਣ ਸੁਣਾਉਂਦੀ ਹੈ
ਜਦ ਮਿਲਦੀ ਹੈ ਘੁੱਟ ਕੇ ਗਲੇ ਲਗਾਉਂਦੀ ਹੈ
ਹੁਣ ਉਹਦੇ ਚੋਂ ਮੇਰੀ ਖ਼ੁਸ਼ਬੂ ਆਉਂਦੀ ਹੈ

# ਤੂੰ ਹੈ

ਮੇਰੇ ਲਈ ਉਹ ਬਿਲਕੁਲ ਇੰਝ ਹੈ
ਜਿਉਂ ਭੁੱਖੇ ਲਈ ਟੁੱਕ ਦੇ ਵਰਗੀ

ਝੁਲਸੇ ਚੰਮ ਲਈ ਦਾਰੂ ਬਣ ਗਈ
ਰੇਗਿਸਤਾਨ 'ਚ ਰੁੱਖ ਦੇ ਵਰਗੀ

ਮੇਰੇ ਮਨ ਨੂੰ ਸ਼ਾਂਤ ਕਰੇ ਉਹ
ਸੰਘਣੇ ਵਣ ਦੀ ਚੁੱਪ ਦੇ ਵਰਗੀ

ਬਾਹਾਂ ਵਿੱਚ ਜਦ ਭਰਦੀ ਮੈਨੂੰ
ਲੱਗਦੀ ਪੋਹ ਦੀ ਧੁੱਪ ਦੇ ਵਰਗੀ

ਲੱਖਾਂ ਪੀੜਾਂ ਸਹਿਣ ਦੇ ਮਗਰੋਂ
ਮਿਲੀ ਹੈ ਰੂਹ ਦੇ ਸੁੱਖ ਦੇ ਵਰਗੀ

# ਤੇਰੀ ਸ਼ਾਇਰੀ

ਤੱਕ ਲੈਂਦਾ ਤਸਵੀਰ ਮੈਂ ਤੇਰੀ
ਜਦ ਮੈਂ ਕਦੇ ਉਦਾਸ ਹੁੰਦਾ ਆ
ਜੋ ਤੇਰੇ ਨਾਲ ਗੱਲ ਕਰ ਲੰਘਦਾ
ਉਹ ਹਰ ਲਮਹਾ ਖ਼ਾਸ ਹੁੰਦਾ ਆ

ਆਪਣੀਆਂ ਸੋਚਾਂ ਵਿੱਚ ਮੈਂ ਤੈਨੂੰ
ਬਾਂਹਾਂ ਦੇ ਵਿੱਚ ਭਰ ਲੈਂਦਾ ਹਾਂ
ਜਦੋਂ ਕਦੇ ਮੇਰਾ ਦਿਲ ਨਹੀਂ ਲੱਗਦਾ
ਤੇਰੀ ਸ਼ਾਇਰੀ ਪੜ੍ਹ ਲੈਂਦਾ ਹਾਂ

ਦਿਲ ਤੋਂ ਲਿਖਦੀ ਏ ਤੂੰ
ਤਾਂਹੀਂ ਹਰ ਗੱਲ ਦਿਲ ਨੂੰ ਛੂਹ ਜਾਂਦੀ ਏ
ਸੁਣਦਾ ਜਦ ਆਵਾਜ਼ ਤੇਰੀ ਮੈਂ
ਖਿੜ ਫਿਰ ਮੇਰੀ ਰੂਹ ਜਾਂਦੀ ਏ

ਮੇਰੇ ਲਈ ਤਾਂ ਤੂੰ ਹੀ ਰੱਬ ਏ
ਤੈਨੂੰ ਸਜਦਾ ਕਰ ਲੈਂਦਾ ਹਾਂ
ਜਦੋਂ ਕਦੇ ਮੇਰਾ ਦਿਲ ਨਹੀਂ ਲੱਗਦਾ
ਤੇਰੀ ਸ਼ਾਇਰੀ ਪੜ੍ਹ ਲੈਂਦਾ ਹਾਂ

ਖ਼ੁਸ਼ਕਿਸਮਤ ਹਾਂ ਮੈਂ ਕਿ ਮੈਨੂੰ

ਤੇਰੇ ਨਾਲ ਮੁਹੱਬਤ ਹੋਈ

ਤੂੰ ਹੀ ਦਿਲ ਦੇ ਨੇੜੇ ਏ ਬੱਸ

ਨਾ ਤੇਰੇ ਤੋਂ ਵੱਧ ਕੇ ਕੋਈ

ਭੁੱਲ ਜਾਵਾਂ ਮੈਂ ਕੁੱਲ ਦੁਨੀਆ ਨੂੰ

ਹੱਥ ਤੇਰਾ ਜਦ ਫੜ੍ਹ ਲੈਂਦਾ ਹਾਂ

ਜਦੋਂ ਕਦੇ ਮੇਰਾ ਦਿਲ ਨਹੀਂ ਲੱਗਦਾ

ਤੇਰੀ ਸ਼ਾਇਰੀ ਪੜ੍ਹ ਲੈਂਦਾ ਹਾਂ

# ਪ੍ਰੇਰਨਾ

ਅੰਬਰੋਂ ਤਾਰੇ ਤੋੜ ਲਵਾਂਗਾ
ਨਦੀ ਦਾ ਰਸਤਾ ਮੋੜ ਲਵਾਂਗਾ

ਤੇਰੀ ਖਾਤਿਰ ਹੀਰ ਵਰਗੀਏ
ਤਖ਼ਤ ਹਜ਼ਾਰਾ ਛੋੜ ਲਵਾਂਗਾ

ਭਾਵੇਂ ਜਿੱਥੇ ਮਰਜੀ ਲੁਕਜਾ
ਪਰ ਮੈਂ ਤੈਨੂੰ ਲੋਹੜ ਲਵਾਂਗਾ

ਉਂਝ ਤੇ ਬਹੁਤਾ ਪੜ੍ਹਿਆ ਨਹੀਂ ਮੈਂ
ਅੱਖਰ ਤੋੜ ਮਰੋੜ ਲਵਾਂਗਾ

ਜੇ ਤੂੰ ਲਿਖਣ ਲਈ ਕਰੇਂ ਪ੍ਰੇਰਿਤ
ਮੈਂ ਕੁਝ ਨਜ਼ਮਾਂ ਜੋੜ ਲਵਾਂਗਾ

# ਕੁਦਰਤ ਕੁਦਰਤ

ਜਿਵੇਂ ਕਰੇ ਉਹ ਕੁਦਰਤ ਕੁਦਰਤ
ਕੁਦਰਤ ਨੇ ਹੀ ਜਾਈ ਲੱਗਦੀ
ਪੰਜ ਤੱਥਾਂ ਵਿੱਚ ਰੂਹ ਫੂਕ ਕੇ
ਅੱਲ੍ਹਾ ਆਪ ਬਣਾਈ ਲੱਗਦੀ

ਕੁੱਲ ਦੁਨੀਆਂ ਤੋਂ ਸੋਹਣਾ ਚਿਹਰਾ
ਕੀਤਾ ਪਿਆ ਕਮਾਲ ਵੇ ਅੱਲ੍ਹਾ
ਦੁਆ ਕਰਾਂ ਮੈਂ ਕਿਸਮਤ ਉਹਦੀ
ਬੰਨ ਦੇ ਮੇਰੇ ਨਾਲ ਵੇ ਅੱਲ੍ਹਾ

ਰੰਗ ਸਾਂਵਲਾ ਦੰਦ ਨੇ ਮੋਤੀ
ਰੀਝ ਪੂਰੀ ਤੂੰ ਲਾਈ ਲੱਗਦੀ
ਜਿਵੇਂ ਕਰੇ ਉਹ ਕੁਦਰਤ ਕੁਦਰਤ
ਕੁਦਰਤ ਨੇ ਹੀ ਜਾਈ ਲੱਗਦੀ

ਗੱਲ ਸਮਝਦੀ ਐ ਫੁੱਲਾਂ ਦੀ
ਬੱਦਲਾਂ ਦੇ ਨਾਲ ਬਾਤਾਂ ਪਾਵੇ
ਮਾਘ ਮਹੀਨੇ ਨਿੱਘੀ ਜਿਹੀ ਧੁੱਪ
ਮੁੱਖ ਉਹਦਾ ਚੁੰਮਣ ਲਈ ਆਵੇ

ਹਵਾ ਹੋਈ ਫਿਰਦੀ ਐ ਆਸ਼ਕ
ਘੁੱਟ ਗਲਵੱਕੜੀ ਪਾਈ ਲੱਗਦੀ

ਜਿਵੇਂ ਕਰੇ ਉਹ ਕੁਦਰਤ ਕੁਦਰਤ
ਕੁਦਰਤ ਨੇ ਹੀ ਜਾਈ ਲੱਗਦੀ
ਪੰਜ ਤੱਥਾਂ ਵਿੱਚ ਰੂਹ ਫੂਕ ਕੇ
ਅੱਲ੍ਹਾ ਆਪ ਬਣਾਈ ਲੱਗਦੀ

# ਖ਼ਵਾਇਸ਼

ਜਿੱਥੇ ਹੱਦ ਦਿਲ ਦੀ ਮੁੱਕ ਜਾਂਦੀ
ਮੇਰੇ ਦਿਲ ਦੀ ਜੂਹ ਹੈ ਉਹ

ਮੇਰੇ ਅੰਦਰ ਰਚੀ ਹੋਈ ਹੈ
ਮੇਰੀ ਧੜਕਨ, ਰੂਹ ਹੈ ਉਹ

ਖ਼ਾਬਾਂ ਵਿੱਚ ਜੋ ਰੋਜ ਹੀ ਦਿਖਦਾ
ਹਾਂ ਤੇਰਾ ਹੀ ਮੂੰਹ ਹੈ ਉਹ

ਰੂਹ ਮੇਰੀ ਦਾ ਹਿੱਸਾ ਬਣ ਜੋ
ਵਿੱਚੋਂ ਲੰਘੀ ਤੂੰ ਹੈ ਉਹ

ਗਿਆਰਾਂ ਵੱਜ ਕੇ ਗਿਆਰਾਂ ਮਿੰਟ ਤੇ
ਜੋ ਵਿਸ਼ ਮੰਗੀ ਤੂੰ ਹੈ ਉਹ

# ਇੱਕ ਕਿਤਾਬ

ਤੇਰੇ ਨਾਲ ਸਜਾਇਆ ਜੋ ਮੈਂ
ਆਪਣਾ ਹਰ ਇੱਕ ਖ਼ਵਾਬ ਲਿਖਾਂਗਾ
ਤੇਰੇ ਮੇਰੇ ਇਸ਼ਕ ਦੇ ਉੱਤੇ
ਮਹਿਰਮ ਇੱਕ ਕਿਤਾਬ ਲਿਖਾਂਗਾ

ਮੋਹ ਨਾਲ ਪੰਨੇ ਭਰੇ ਜਾਣਗੇ
ਸ਼ੇਅਰ ਤੇਰੇ ਨਾਂ ਕਰੇ ਜਾਣਗੇ
ਲਿਖਤਾਂ ਵਿੱਚ ਮੱਥਾ ਵੀ ਚੁੰਮਣਾ
ਤੇਰੇ ਹੱਥ ਵੀ ਫੜ੍ਹੇ ਜਾਣਗੇ

ਖ਼ੁਦ ਨੂੰ ਮਛਲੀ ਮੰਨ ਲਵਾਂਗਾ
ਤੈਨੂੰ ਆਪਣਾ ਆਬ ਲਿਖਾਂਗਾ
ਤੇਰੇ ਮੇਰੇ ਇਸ਼ਕ ਦੇ ਉੱਤੇ
ਮਹਿਰਮ ਇੱਕ ਕਿਤਾਬ ਲਿਖਾਂਗਾ

ਉਲਫ਼ਤ ਹੀ ਉਲਫ਼ਤ ਹੋਵੇਗੀ
ਇਸ਼ਕ ਡੁੱਲੇਗਾ ਨਜ਼ਮਾਂ ਵਿੱਚੋਂ
ਕੁੱਲ ਬ੍ਰਹਿਮੰਡ 'ਚੋਂ ਸੋਹਣਾ ਤੇਰਾ
ਮੁੱਖ ਦਿਖੇਗਾ ਗ਼ਜ਼ਲਾਂ ਵਿੱਚੋਂ

ਜੋ ਸੰਗੀਤ ਚ ਸਭ ਤੋਂ ਉੱਤਮ

ਤੈਨੂੰ ਸਾਜ਼ ਰਬਾਬ ਲਿਖਾਂਗਾ

ਤੇਰੇ ਮੇਰੇ ਇਸ਼ਕ ਦੇ ਉੱਤੇ

ਮਹਿਰਮ ਇੱਕ ਕਿਤਾਬ ਲਿਖਾਂਗਾ

ਕੁਝ ਕਵਿਤਾਵਾਂ ਕੁਝ ਤੁਕਬੰਦੀਆਂ

ਹੋਣਗੇ ਸਾਡੇ ਇਸ਼ਕ ਦੇ ਕਿੱਸੇ

ਤੂੰ ਮੇਰਾ ਮੈਂ ਤੇਰਾ ਮਹਿਰਮ

ਇੱਕ ਦੂਜੇ ਦੇ ਬਣਾਂਗੇ ਹਿੱਸੇ

ਤੇਰੇ ਇਸ਼ਕ ਸਵਾਲਾਂ ਦੇ ਮੈਂ

ਸ਼ਿੱਦਤ ਨਾਲ ਜਵਾਬ ਲਿਖਾਂਗਾ

ਤੇਰੇ ਮੇਰੇ ਇਸ਼ਕ ਦੇ ਉੱਤੇ

ਮਹਿਰਮ ਇੱਕ ਕਿਤਾਬ ਲਿਖਾਂਗਾ

# ਅਹਿਸਾਸ

ਆਪਣੀ ਕਿਤਾਬ "ਤੇਰੇ ਵਾਸਤੇ" 'ਚੋਂ ਪੜ੍ਹ ਕੇ
ਮੇਰਾ ਇੱਕ ਹੱਥ ਤੇਰੇ ਵਾਲਾਂ ਵਿੱਚ ਧਰ ਕੇ
ਦੱਸ ਅਹਿਸਾਸ ਤੇਰੇ ਕਿਹੋ ਜਿਹੇ ਹੋਣਗੇ
ਕਵਿਤਾ ਸੁਣਾਵਾਂ ਜੇ ਮੈਂ ਬਾਹਾਂ ਵਿੱਚ ਭਰ ਕੇ

ਖਿੱਚ ਤੇਰਾ ਹੱਥ, ਤੈਨੂੰ ਹੋਰ ਨੇੜੇ ਕਰਾਂ ਜੇ
ਸਾਹਾਂ ਤੋਂ ਕਰੀਬ ਆ ਕੇ ਨੇਤਰਾਂ ਨੂੰ  ਪੜ੍ਹਾਂ ਜੇ
ਕਿੰਨਾ ਕੁ ਪਿਆਰ ਤੈਨੂੰ ਆਊ ਮੇਰੇ ਉੱਤੇ ਨੀ
ਚੁੰਮਲਾਂ ਜੇ ਹੱਥ ਤੇਰਾ ਹੱਥਾਂ ਵਿੱਚ ਫੜ੍ਹ ਕੇ
ਦੱਸ ਅਹਿਸਾਸ ਤੇਰੇ ਕਿਹੋ ਜਿਹੇ ਹੋਣਗੇ
ਕਵਿਤਾ ਸੁਣਾਵਾਂ ਜੇ ਮੈਂ ਬਾਹਾਂ ਵਿੱਚ ਭਰ ਕੇ

ਸੀਨੇ ਨਾਲ ਲਾ ਲਵਾਂ ਜੇ ਤੈਨੂੰ ਹੋਰ ਕੱਸ ਕੇ
ਦੇਵੇਂਗੀ ਇਜਾਜ਼ਤ ? ਜੇ ਖੋਲਾਂ ਵਾਲ਼ ਦੱਸ ਕੇ !
ਬੋਲ ਵਾਅਦਾ ਕਰੇਂਗੀ ? ਤੂੰ ਸਦਾ ਨਾਲ ਰਹਿਣ ਦਾ !
ਜ਼ਿੰਦਗੀ ਬਿਤਾਉਣ ਲਈ ਜੇ ਪੁੱਛਾਂ ਨਾਲ ਹੱਸ ਕੇ

ਦੱਸ ਮਹਿਸੂਸ ਤੈਨੂੰ ਕਿਹੋ ਕਿਹਾ ਹੋਵੇਗਾ
ਸੌਂ ਜਾਵਾਂ ਜੇ ਸਿਰ ਤੇਰੇ ਮੋਢੇ ਉੱਤੇ ਧਰ ਕੇ
ਦੱਸ ਅਹਿਸਾਸ ਤੇਰੇ ਕਿਹੋ ਜਿਹੇ ਹੋਣਗੇ
ਕਵਿਤਾ ਸੁਣਾਵਾਂ ਜੇ ਮੈਂ ਬਾਹਾਂ ਵਿੱਚ ਭਰ ਕੇ

ਤੇਰੇ ਲਈ ਕਿਤਾਬ ਲਿਖੀ, ਪੂਰੀ ਜੇ ਸੁਣਾ ਦਿਆਂ
ਕਰ ਪਰਪੋਜ਼ ਰਿੰਗ ਹੱਥ 'ਚ ਜੇ ਪਾ ਦਿਆਂ
ਦੱਸ ਕੀ ਜਵਾਬ ਫ਼ੇਰ ਦਵੇਂਗੀ ਪ੍ਰੀਤ ਨੂੰ
ਪੁੱਛਾਂ ਜੇ ਪਿਆਰ ਕਿੰਨਾ ਤੈਨੂੰ ਨੇੜੇ ਕਰਕੇ
ਦੱਸ ਅਹਿਸਾਸ ਤੇਰੇ ਕਿਹੋ ਜਿਹੇ ਹੋਣਗੇ
ਕਵਿਤਾ ਸੁਣਾਵਾਂ ਜੇ ਮੈਂ ਬਾਹਾਂ ਵਿੱਚ ਭਰ ਕੇ

# ਉਹ ਹੈ ਤੂੰ

ਕੋਮਲ ਫੁੱਲ ਦੀ ਛੋਹ ਹੈ ਤੂੰ
ਸੱਜਣਾ ਮੇਰਾ ਮੋਹ ਏ ਤੂੰ

ਤੇਰੇ ਨਾਲ ਹੀ ਜੁੜਿਆ ਹਾਂ ਨੀ
ਜੇ ਮੈਂ ਮਾਸ ਤੇ ਨਹੁੰ ਏ ਤੂੰ

ਰੂਹ ਮੇਰੀ ਜੋ ਸ਼ੀਤਲ ਕਰਦਾ
ਗਰਮੀ ਦੇ ਵਿੱਚ ਪੋਹ ਹੈ ਤੂੰ

ਜਿਹਨੂੰ ਲੋਕੀਂ ਰੱਬ ਆਖਦੇ
ਹਾਂ ਮੇਰੇ ਲਈ ਉਹ ਹੈ ਤੂੰ

# ਤੇਰੀ ਛੂਹ

ਤੇਰੇ ਤੇ ਠਹਿਰਨ ਨਜ਼ਰਾਂ
ਅੱਖਾਂ ਵਿੱਚ ਅੱਖ ਹੋਵੇ ਜੇ
ਹੱਥ ਦੇ ਵਿੱਚ ਹੋਣ ਕਿਤਾਬਾਂ
ਮੇਰੇ ਪ੍ਰਤੱਖ ਹੋਵੇ ਜੇ

ਫ਼ਿਰ ਵੀ ਨਾ ਨਜ਼ਮ ਸੁਣਾਵੇਂ
ਇਹ ਬੇਇਨਸਾਫ਼ੀ ਹੈ
ਮਰਿਆਂ ਵਿੱਚ ਰੂਹ ਫੂਕਣ ਲਈ
ਤੇਰੀ ਛੂਹ ਕਾਫ਼ੀ ਹੈ

ਸ਼ਾਇਰੀ ਤੂੰ ਬੋਲ ਦੇ ਕੋਈ
ਕਹਿੰਦਾ ਇਰਸ਼ਾਦ ਪਿਆ ਹਾਂ
ਤੇਰੇ ਚਿਹਰੇ ਨੂੰ ਤੱਕ ਕੇ
ਹੋਇਆ ਮੈਂ ਸ਼ਾਦ ਪਿਆ ਹਾਂ

ਜੇ ਸ਼ਾਨ 'ਚ ਹੋਈ ਗੁਸਤਾਖ਼ੀ
ਉਹਦੇ ਲਈ ਮਾਫ਼ੀ ਆ
ਮਰਿਆਂ ਵਿੱਚ ਰੂਹ ਫੂਕਣ ਲਈ
ਤੇਰੀ ਛੂਹ ਕਾਫ਼ੀ ਹੈ

ਹੱਥ ਦੇ ਵਿੱਚ ਕਲਮ ਫੜ੍ਹਾ ਕੇ

ਲਿਖਣੇਂ ਦੇ ਕਾਬਿਲ ਕਰਤਾ

ਕਿੰਨੇ ਤੂੰ ਕਵੀ ਬਣਾ ਕੇ

ਸ਼ਾਇਰਾਂ ਵਿੱਚ ਸ਼ਾਮਿਲ ਕਰਤਾ

ਤੇਰੇ ਤੇ ਲਿਖਦਾ ਫਿਰਦਾ

ਸੁਣਿਆ ਮੈਂ ਗਾਫ਼ੀ ਹੈ

ਮਰਿਆਂ ਵਿੱਚ ਰੂਹ ਫੂਕਣ ਲਈ

ਤੇਰੀ ਛੂਹ ਕਾਫ਼ੀ ਹੈ

# ਸੁਣਾ ਦੇ

ਹੋ ਕੇ ਅੰਤਰ ਧਿਆਨ ਸੁਣਾ ਦੇ
ਇਸ਼ਕ ਨਾ' ਭਰੀ ਜ਼ੁਬਾਨ ਸੁਣਾ ਦੇ

ਹੁਣ ਤੇ ਵਾਹਵਾ ਵਕ਼ਤ ਹੋ ਗਿਆ
ਹਾਂ ਦੇ ਵਿੱਚ ਫ਼ਰਮਾਨ ਸੁਣਾ ਦੇ

ਇਸ਼ਕ ਦੇ ਵਿੱਚ ਮੈਂ ਡੁੱਬਣਾ ਚਾਹੁੰਦਾ
ਪਿਆਰ ਮੇਰੇ ਅੰਗ ਅੰਗ ਤੂੰ  ਭਰ ਦੇ

ਕੱਚੀ ਜਿਹੀ ਤਸਵੀਰ ਮੈਂ ਕੋਈ
ਮੇਰੇ ਵਿੱਚ ਹੁਣ ਰੰਗ ਤੂੰ ਭਰ ਦੇ

ਇੰਤਜ਼ਾਰ ਦੀ ਤੋੜ ਦੇ ਸੂਈ
ਇਸ਼ਕ ਚਾੜ੍ਹ ਪ੍ਰਵਾਨ ਸੁਣਾ ਦੇ

ਹੁਣ ਤੇ ਵਾਹਵਾ ਵਕ਼ਤ ਹੋ ਗਿਆ
ਹਾਂ ਦੇ ਵਿੱਚ ਫ਼ਰਮਾਨ ਸੁਣਾ ਦੇ

# ਮਹਿਰਮਾ

ਧਰਤੀ ਤੇ ਚੰਨ ਦੂਜਾ ਕਿੱਥੋਂ ਆ ਗਿਆ
ਸਭ ਹੋਏ ਫ਼ਿਰਦੇ ਹੈਰਾਨ ਮਹਿਰਮਾ
ਦਿਲ ਦਾ ਸੁਣਾਵਾਂ ਕੀ ਮੈਂ ਹਾਲ ਮਹਿਰਮਾ
ਇਸ਼ਕ ਤੇਰੇ ਨੇ ਪਾਇਆ ਜਾਲ਼ ਮਹਿਰਮਾ
ਇੱਕੋ ਤਸਵੀਰ ਤੇਰੀ ਅੱਖਾਂ ਸਾਹਵੇਂ ਏ
ਖੋਲ੍ਹ ਕੇ ਰੱਖੇ ਸੀ ਜਦੋਂ ਵਾਲ਼ ਮਹਿਰਮਾ

ਇਹੋ ਜਿਹੀ ਆਜ਼ਾਦੀ ਮੈਨੂੰ ਨਹੀਂਓ ਚਾਹੀਦੀ
ਜ਼ੁਲਫ਼ਾਂ ਚ ਕਰ ਲੈ ਤੂੰ ਕੈਦ ਸੋਹਣੀਏ
ਆਖਦਾ ਇਲਾਜ ਨਹੀਂਓ ਕੋਈ ਪਿਆਰ ਦਾ
ਦੇ ਗਿਆ ਜਵਾਬ ਮੈਨੂੰ ਵੈਦ ਸੋਹਣੀਏ

ਭੁੱਲਿਆ ਜਹਾਨ ਤੇਰਾ ਨਾਮ ਯਾਦ ਏ
ਸਭ ਤੋਂ ਪਹਿਲਾਂ ਤੂੰ ਸਭ ਤੈਥੋਂ ਬਾਅਦ ਏ
ਇਸ਼ਕ ਤੇਰੇ ਚ ਝੱਲਾ ਹੋਇਆ ਫਿਰਦਾ
ਨਿੱਕਲ਼ ਜਾਵੇ ਨਾ ਕਿਤੇ ਜਾਨ ਮਹਿਰਮਾ
ਇੱਕੋ ਤਸਵੀਰ ਤੇਰੀ ਅੱਖਾਂ ਸਾਹਵੇਂ ਏ
ਖੋਲ੍ਹ ਕੇ ਰੱਖੇ ਸੀ ਜਦੋਂ ਵਾਲ਼ ਮਹਿਰਮਾ

ਸਿਫ਼ਤ ਸੁਣਾਈ ਜਦੋਂ ਤੇਰੀ ਇਹਨਾਂ ਨੂੰ
ਫ਼ਿਕਰ ਨਾ ਕਰ ਕਰਿੰਦੇ ਨਾਲ ਖੜ੍ਹੇ ਆਂ
ਆਖਦੇ ਕਬੂਤਰ ਤੂੰ ਲਿਖ ਤਾਂ ਸਹੀ
ਖ਼ਤ ਲੈ ਕੇ ਜਾਣ ਨੂੰ ਤਿਆਰ ਖੜ੍ਹੇ ਆਂ

ਤੇਰੇ ਨਾਲ ਮਿਲਾਉਣ ਦੀਆਂ ਕਰੇ ਸਾਜਿਸ਼ਾਂ
ਆਲਮ ਵੀ ਹੋਇਆ ਮਿਹਰਬਾਨ ਮਹਿਰਮਾ
ਦਿਲ ਦਾ ਸੁਣਾਵਾਂ ਕੀ ਮੈਂ ਹਾਲ ਮਹਿਰਮਾ
ਇਸ਼ਕ ਤੇਰੇ ਨੇ ਪਾਇਆ ਜਾਲ਼ ਮਹਿਰਮਾ
ਕਰਨਾ ਕਬੂਲ ਨਹੀਂ ਜੇ ਪਿਆਰ ਪ੍ਰੀਤ ਦਾ
ਮੌਤ ਦਾ ਸੁਣਾ ਦੇ ਫ਼ਰਮਾਨ ਮਹਿਰਮਾ

# ਬੜਾ ਹੈ

ਕਵਿਤਾ ਵਿੱਚ ਮਸ਼ਹੂਰ ਬੜਾ ਹੈ
ਅੱਖ ਉਹਦੀ ਵਿੱਚ ਨੂਰ ਬੜਾ ਹੈ

ਮੇਰੀਆਂ ਸਾਰੀਆਂ ਮੰਨ ਲੈਂਦਾ ਹੈ
ਲੋਕਾਂ ਲਈ ਮਗ਼ਰੂਰ ਬੜਾ ਹੈ

ਮੇਰੇ ਨਾਲ ਹੈ ਮੋਹ ਵਿੱਚ ਬੱਝਿਆ
ਗੈਰਾਂ ਲਈ ਗ਼ਰੂਰ ਬੜਾ ਹੈ

ਜਦ ਦਾ ਉਹ ਜ਼ਿੰਦਗੀ ਵਿੱਚ ਆਇਆ
ਮੈਨੂੰ ਇਸ਼ਕ ਸਰੂਰ ਬੜਾ ਹੈ

ਚਿੱਤ ਤੇ ਕਰਦਾ ਰੋਜ਼ ਮਿਲਾ ਮੈਂ
ਪਰ ਉਹਦਾ ਪਿੰਡ ਦੂਰ ਬੜਾ ਹੈ

# ਉਸਦੀ ਮੰਗ

ਥੋੜ੍ਹਾ ਥੋੜ੍ਹਾ ਸੰਗਦੀ ਪਈ ਐ
ਜਾਨ ਸੂਲੀ ਤੇ ਟੰਗਦੀ ਪਈ ਐ

ਉਹਦੇ ਇਰਾਦੇ ਠੀਕ ਨਹੀਂ ਲੱਗਦੇ
ਜਾਣ ਜਾਣ ਕੇ ਖੰਘਦੀ ਪਈ ਐ

ਮੈਂ ਤਾਂ ਸੱਚੀਂ ਬਾਹਲਾ ਈ ਸਾਊ
ਮੋਢਾ ਮਾਰ ਉਹ ਲੰਘਦੀ ਪਈ ਐ

ਮੇਰੇ ਨੇੜੇ ਆਣ ਲੱਗੀ ਐ
ਮੇਰੀ ਦੇਹ ਹੁਣ ਕੰਬਦੀ ਪਈ ਐ

ਕੁੱਲ ਮਿਲਾ ਕੇ ਪੰਜ ਸੌ ਸੱਠ ਨੇ
ਮੇਰੇ ਖ਼ਾਤੇ ਵਿੱਚ ਰੁਪਈਏ

ਉਹ ਮਰਜਾਣੀ ਮੇਰੇ ਕੋਲੋਂ
ਲੱਖ ਰੁਪੱਈਆ ਮੰਗਦੀ ਪਈ ਐ

# ਫ਼ਿਕਰ ਨਾ ਕਰ

ਲਾ ਮੈਂ ਸੀਨੇ ਨਾਲ ਲਵਾਂਗੀ

ਫ਼ਿਕਰ ਨਾ ਕਰ

ਮੈਂ ਸਭ ਕੁਝ ਸੰਭਾਲ ਲਵਾਂਗੀ

ਫ਼ਿਕਰ ਨਾ ਕਰ

ਕਿਸਮਤ ਜਦ ਠੋਕਰ ਮਾਰੇਗੀ

ਪੀੜ੍ਹ ਤੇਰੇ ਜਦ ਹੱਡ ਠਾਰੇਗੀ

ਮੋਹ ਦੀ ਅੱਗ ਮੈਂ ਜਾਲ਼ ਲਵਾਂਗੀ

ਫ਼ਿਕਰ ਨਾ ਕਰ

ਮੈਂ ਸਭ ਕੁਝ ਸੰਭਾਲ ਲਵਾਂਗੀ

ਫ਼ਿਕਰ ਨਾ ਕਰ

ਅਜ਼ਲਾਂ ਤੋਂ ਅੰਤ ਤੀਕਰ ਤੇਰੇ ਨਾਲ ਰਹੂੰ

ਵਿੱਚ ਵਿਚਾਲਾ ਨਹੀਂ ਕੋਈ, ਮੈਂ ਹਰ ਹਾਲ ਰਹੂੰ

ਭੀੜ੍ਹ ਚੋਂ ਤੈਨੂੰ ਭਾਲ ਲਵਾਂਗੀ

ਫ਼ਿਕਰ ਨਾ ਕਰ

ਮੈਂ ਸਭ ਕੁਝ ਸੰਭਾਲ ਲਵਾਂਗੀ

ਫ਼ਿਕਰ ਨਾ ਕਰ

ਬਣ ਕੇ ਰਹਾਂਗੀ ਤੇਰਾ ਸਵੇਰਾ

ਪਰ ਜੇ ਕਦੇ ਵੀ ਆਇਆ ਹਨੇਰਾ

ਇਸ਼ਕ ਦੇ ਦੀਵੇ ਬਾਲ਼ ਲਵਾਂਗੀ

ਫ਼ਿਕਰ ਨਾ ਕਰ

ਮੈਂ ਸਭ ਕੁਝ ਸੰਭਾਲ ਲਵਾਂਗੀ

ਫ਼ਿਕਰ ਨਾ ਕਰ

֍֍֍֍֍

# ਵਾਅਦੇ

ਭਾਵੇਂ ਭਰੀ ਹੋਏ ਅੱਖ ਫਿਰ ਵੀ ਡੁੱਲਦੀ ਨਹੀਂ
ਤੇਰੇ ਬਿਨ ਮੈਂ ਕਿਸੇ ਅੱਗੇ ਵੀ ਖੁੱਲ੍ਹਦੀ ਨਹੀਂ

ਕਹਿੰਦੀ ਭੁੱਲ ਜਾ ਇਹ ਗੱਲ, ਹੋ ਹੀ ਨਹੀਂ ਸਕਦਾ
ਸਭ ਨੂੰ ਭੁੱਲ ਜਾਵਾਂਗੀ, ਤੈਨੂੰ ਭੁੱਲਦੀ ਨਹੀਂ

ਤੇਰੇ ਹੱਥ ਵਿੱਚ ਆਪਣਾ ਹੱਥ ਧਰਾਂਗੀ ਮੈਂ
ਲਿਖੀਂ ਤੂੰ ਸੱਜਣਾ ਤੇਰੇ ਸ਼ੇਅਰ ਪੜ੍ਹਾਂਗੀ ਮੈਂ

ਜੋ ਜੋ ਵਾਅਦੇ ਕੀਤੇ ਸਭ ਨਿਭਾਵਾਂਗੀ
ਖ਼ਵਾਬ ਹਕੀਕਤ ਵਿੱਚ ਤਬਦੀਲ ਕਰਾਂਗੀ ਮੈਂ

ਤੂੰ ਹੀ ਮੈਨੂੰ ਫੁੱਲਾਂ ਵਰਗਾ ਲੱਗਦਾ ਹੈ
ਤਾਂਹੀਂ ਜ਼ਰੂਰਤ ਹੋਰ ਕਿਸੇ ਵੀ ਫੁੱਲ ਦੀ ਨਹੀਂ

ਕਹਿੰਦੀ ਭੁੱਲ ਜਾ ਇਹ ਗੱਲ, ਹੋ ਹੀ ਨਹੀਂ ਸਕਦਾ
ਸਭ ਨੂੰ ਭੁੱਲ ਜਾਵਾਂਗੀ, ਤੈਨੂੰ ਭੁੱਲਦੀ ਨਹੀਂ

# ਕੱਲ੍ਹ ਲਿਖਾਂਗਾ

ਜਿਸ ਨੂੰ ਪੜ੍ਹ ਕੇ ਤੂੰ ਖੁਸ਼ ਹੋਜੇ
ਐਸੀ ਮੈਂ ਕੋਈ ਗੱਲ ਲਿਖਾਂਗਾ
ਅੱਜ ਤਾਂ ਮੈਨੂੰ ਖ਼ਿਆਲ ਨਹੀਂ ਆਉਂਦੇ
ਚੱਲ ਕੋਈ ਨਹੀਂ  ਮੈਂ ਕੱਲ੍ਹ ਲਿਖਾਂਗਾ

ਆਪਣੀਆਂ ਲਿਖਤਾਂ ਵਿੱਚ ਮੈਂ ਤੈਨੂੰ
ਚੰਨ ਤੋਂ ਸੋਹਣਾ ਚੰਨ ਲਿਖਾਂਗਾ
ਅੱਜ ਤਾਂ ਮੈਨੂੰ ਖਿਆਲ ਨਹੀਂ ਆਉਂਦੇ
ਚੱਲ ਕੋਈ ਨਹੀਂ  ਮੈਂ ਕੱਲ੍ਹ ਲਿਖਾਂਗਾ

ਕਲੀਆਂ ਨੂੰ ਮੈਂ ਫ਼ੁੱਲ ਬਣਾ ਦੂੰ
ਬਸ ਇੱਕ ਤੇਰੀ ਛੋਹ ਨਾਲ ਨੀ
ਮੁੱਖ ਤੇਰਾ ਕੰਪੇਅਰ ਕਰੂੰਗਾ
ਮੈਂ ਸੂਰਜ ਦੀ ਲੋਅ ਨਾਲ ਨੀ

ਨਾਮ ਤੇਰੇ ਨਾਲ ਜਿਹੜਾ ਮਿਲਦਾ
ਵਿੱਚ ਮੈਂ ਆਪਣਾ ਨਾਮ ਲਿਖਾਂਗਾ
ਆਪਣੀ ਪਾਕ ਮੁਹੱਬਤ ਦਾ ਮੈਂ
ਤੇਰੇ ਨਾਮ ਪੈਗ਼ਾਮ ਲਿਖਾਂਗਾ

ਨਾਮ ਤੇਰੇ ਮੈਂ ਸੋਹਣਿਆ ਸੱਜਣਾ
ਆਪਣੀ ਹਰ ਇੱਕ ਸ਼ਾਮ ਲਿਖਾਂਗਾ
ਖ਼ਾਸ ਲਿਖੂੰ ਮੈਂ ਤੈਨੂੰ ਸਭ ਤੋਂ
ਤੇ ਮੈਂ ਖ਼ੁਦ ਨੂੰ ਆਮ ਲਿਖਾਂਗਾ

ਅੱਖ ਤੇਰੀ ਨਾਲ ਕਰ ਕੇ ਗੱਲਾਂ
ਤੈਨੂੰ ਆਪਣੀ ਮੰਨ ਲਿਖਾਂਗਾ
ਅੱਜ ਤਾਂ ਮੈਨੂੰ ਖਿਆਲ ਨਹੀਂ ਆਉਂਦੇ
ਚੱਲ ਕੋਈ ਨਹੀਂ ਮੈਂ ਕੱਲ੍ਹ ਲਿਖਾਂਗਾ

ਆਪਣੀ ਜ਼ਿੰਦਗੀ ਦਾ ਮੈਂ ਤੈਨੂੰ
ਆਫ਼ਰੀਨ ਕੋਈ ਪੱਲ ਲਿਖਾਂਗਾ
ਅੱਜ ਤਾਂ ਮੈਨੂੰ ਖ਼ਿਆਲ ਨਹੀਂ ਆਉਂਦੇ
ਚੱਲ ਕੋਈ ਨਹੀਂ ਮੈਂ ਕੱਲ੍ਹ ਲਿਖਾਂਗਾ

# ਜਿਲਦ

ਜਿਲਦ ਚੜ੍ਹਾ ਕੇ ਰੱਖੀ ਏ ਮੈਂ ਤੇਰੀ ਡਾਇਰੀ ਨੂੰ
ਇੱਕ ਪਾਸੇ ਛੋਟਾ ਜਿਹਾ ਤੇਰਾ ਨਾਂ ਵੀ ਲਿਖਿਆ ਏ
ਅੱਲ੍ਹਾ ਨੂੰ ਮੈਂ ਨਹੀਂ ਦੇਖਿਆ ਅੱਖਾਂ ਨਾਲ ਕਦੇ
ਪਰ ਤੇਰੇ ਵਿੱਚ ਸੱਚੀਂ ਮੈਨੂੰ ਅੱਲ੍ਹਾ ਦਿਖਿਆ ਏ

ਰਾਤ ਚਾਨਣੀ ਦੇ ਵਿੱਚ ਜੁਗਨੂੰ ਆਵਣ ਕੋਲ਼ ਮੇਰੇ
ਪੁੱਛਦੇ ਨੇ ਇਹ ਇੰਨਾ ਸੋਹਣਾ ਕਿਸਨੇ ਲਿਖਿਆ ਏ
ਅੱਲ੍ਹਾ ਨੂੰ ਮੈਂ ਨਹੀਂ ਦੇਖਿਆ ਅੱਖਾਂ ਨਾਲ ਕਦੇ
ਪਰ ਤੇਰੇ ਵਿੱਚ ਸੱਚੀਂ ਮੈਨੂੰ ਅੱਲ੍ਹਾ ਦਿਖਿਆ ਏ

ਪਤਾ ਮੈਨੂੰ ਤਾਰੀਫ਼ ਤੈਨੂੰ ਇਹ ਜਿਆਦਾ ਲੱਗਦੀ ਹੋਊ
ਪਰ ਸੱਚ ਜਾਣੀ ਤੇਰੇ ਅੱਗੇ  ਲਫਜ਼ ਇਹ ਫ਼ਿੱਕੇ ਨੇ
ਸੂਰਜ ਚੰਨ ਅਸਮਾਨ ਤਾਰਿਆਂ ਤੋਂ ਵੱਧ ਕੇ ਏ ਤੂੰ
ਵੱਡੇ ਸ਼ਾਇਰ ਤੇਰੇ ਅੱਗੇ ਲੱਗਦੇ ਨਿੱਕੇ ਨੇ

ਥੋੜਾ ਬਹੁਤਾ ਜੋ ਵੀ ਲਿਖਦਾ ਝੂਠਾ ਪ੍ਰੀਤ ਤੇਰਾ
ਉਹ ਸਭ ਤੈਨੂੰ ਹੀ ਤੇ ਸੱਜਣਾ ਪੜ੍ਹ ਕੇ ਸਿੱਖਿਆ ਏ
ਜਿਲਦ ਚੜਾ ਕੇ ਰੱਖੀ ਏ ਮੈਂ ਤੇਰੀ ਡਾਇਰੀ ਨੂੰ
ਇੱਕ ਪਾਸੇ ਛੋਟਾ ਜਿਹਾ ਤੇਰਾ ਨਾਂ ਵੀ ਲਿਖਿਆ ਏ
ਅੱਲ੍ਹਾ ਨੂੰ ਮੈਂ ਨਹੀਂ ਦੇਖਿਆ ਅੱਖਾਂ ਨਾਲ ਕਦੇ
ਪਰ ਤੇਰੇ ਵਿੱਚ ਸੱਚੀ ਮੈਨੂੰ ਅੱਲ੍ਹਾ ਦਿਖਿਆ ਏ

# ਹੌਂਦ

ਜਿਵੇਂ ਛੂਹ ਕੇ ਚੰਦਨ ਰੁੱਖਾਂ ਨੂੰ
ਫਿਰ ਹਵਾ ਸੁਗੰਧੀਆਂ ਵੰਡਦੀ ਹੈ
ਜਿਵੇਂ ਸ਼ਾਹਕਾਰ ਕੋਈ ਨਜ਼ਮ ਯਾਰੋ
ਰੂਹ ਛੇੜ ਕੇ ਅੰਦਰੋਂ ਲੰਘਦੀ ਹੈ

ਜਿਵੇਂ ਜੀਵਨ ਦਿੰਦੀ ਨਦੀ ਕੋਈ
ਵਿੱਚ ਮਾਰੂਥਲ ਦੇ ਵੱਗਦੀ ਹੈ
ਮੈਨੂੰ ਓਸ ਕੁੜੀ ਦੀ ਹੋਂਦ ਯਾਰੋ
ਬਿਲਕੁਲ ਏਹੋ ਜਿਹੀ ਲੱਗਦੀ ਹੈ

ਜਿਵੇਂ ਸੌ ਘੁੱਪ ਕਾਲੀਆਂ ਰਾਤਾਂ ਪਿੱਛੋਂ
ਚੰਨ ਅੰਬਰ ਵਿੱਚ ਦਿਖਦਾ ਹੈ
ਜਿਵੇਂ ਬੜੀ ਸ਼ਿੱਦਤ ਨਾਲ ਬੈਠ ਕਵੀ
ਕੋਈ ਮਹਾਂਕਾਵਿ ਪਿਆ ਲਿਖਦਾ ਹੈ

ਜਿਵੇਂ ਕੋਈ ਅਪੱਛਰਾਂ ਜੰਨਤ ਦੀ
ਅੱਖਾਂ ਨਾਲ ਦਿਲ ਨੂੰ ਠੱਗਦੀ ਹੈ
ਮੈਨੂੰ ਓਸ ਕੁੜੀ ਦੀ ਹੋਂਦ ਯਾਰੋ
ਬਿਲਕੁਲ ਏਹੋ ਜਿਹੀ ਲੱਗਦੀ ਹੈ

# ਪਠਲਾਵੇ ਵਾਲ਼ਾ

ਉਹ ਕਹਿੰਦੀ ਬੜਾ ਚੰਗਾ ਲੱਗਦਾ
ਸ਼ਿਵ ਜੋ ਸ਼ਹਿਰ ਬਟਾਲੇ ਵਾਲ਼ਾ
ਇੱਕ ਚੰਗਾ ਸਰਤਾਜ ਹੈ ਲੱਗਦਾ
ਇੱਕ ਸਾਹਿਰ ਲੁਧਿਆਣੇ ਵਾਲ਼ਾ

ਕਦੇ ਕਦੇ ਜਗਜੀਤ ਸੁਣਾ ਮੈਂ
ਗਾਇਕ ਦੌਰ ਪੁਰਾਣੇ ਵਾਲ਼ਾ
ਜਾਂ ਫਿਰ ਸੁਣਦੀ ਮਹਿਫ਼ਿਲ ਦੇ ਵਿੱਚ
ਗਾਉਂਦਾ ਕੋਈ ਘਰਾਣੇ ਵਾਲ਼ਾ


ਮੈਂ ਕਿਹਾ ਇਹ ਤੂੰ ਸਭ ਸੁਣ ਪੜ੍ਹ ਲਏ
ਇੱਕ ਹੈ ਤੈਨੂੰ ਚਾਹੁੰਣੇ ਵਾਲ਼ਾ
ਤੇਰੇ ਨਾਂ ਤੇ ਗੀਤ ਬਣਾ ਕੇ
ਰੁੱਖਾਂ ਥੱਲੇ ਗਾਉਣੇ ਵਾਲ਼ਾ

ਸੁਪਨਾ ਕਰਦੇ ਪੂਰਾ ਉਹਦਾ
ਤੈਨੂੰ ਗਲ਼ੇ ਲਗਾਉਣੇ ਵਾਲ਼ਾ
ਤੇਰੇ ਲਈ ਪਿਆ ਗ਼ਜ਼ਲਾਂ ਲਿਖਦਾ
ਪ੍ਰੀਤ ਮੁੰਡਾ ਪਠਲਾਵੇ ਵਾਲ਼ਾ

ਰੂਹ ਤੇ ਚੜ੍ਹੀਆਂ ਗ਼ਮ ਦੀਆਂ ਵੇਲਾਂ, ਆਉਂਦੀ ਹੈ ਤੇ ਵੱਢ ਦਿੰਦੀ ਹੈ
ਤਨਹਾਈ ਦੀ ਖਾਈ ਵਿੱਚੋਂ, ਹੱਥ ਫੜ੍ਹ ਮੈਨੂੰ ਕੱਢ ਦਿੰਦੀ ਹੈ
ਮੇਰੀਆਂ ਸਾਰੀਆਂ ਫ਼ਿਕਰਾਂ ਨੂੰ ਉਹ, ਮੇਰੇ ਤੋਂ ਕਰ ਅੱਡ ਦਿੰਦੀ ਹੈ
ਫ਼ੋਨ ਕਰਾਂ ਜਦ ਰਾਤ ਨੂੰ ਉਹਨੂੰ, ਰੋਟੀ ਵਿੱਚ ਹੀ ਛੱਡ ਦਿੰਦੀ ਹੈ

ਸਮਾਪਤ

www.punjabilibrary.com



I love the way she smile

She hits me like a wine

She loves to walk in nights

Cause she's an Astrophile

When I see myself in her eyes

I feel like Paradise

She loves to walk in nights

Cause she's an Astrophile

#TERE_VASTE



Gurpreet Guri's
Ik Kudi Hai ji Ambran Ton Paar Di
www.punjabilibrary.com
gurigurpreet498
9779670711
gurpreetguri498